# ਵ/ਸ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ
## (ਪੇਂਡੂ ਜਲ ਸਪਲਾਈ ਸ਼ਾਖਾ)

ਪੰਜਾਬ ਵ/ਸ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ (ਪੇਂਡੂ ਜਲ ਸਪਲਾਈ ਸ਼ਾਖਾ) ਪੰਜਾਬ ਦੇ ਪਿੰਡਾਂ ਦੇ ਲੋਕਾਂ ਦੀ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਅਤੇ ਲਗਨ ਨਾਲ ਯਤਨਸ਼ੀਲ ਹੈ। ਇਸ ਦਾ ਦਫ਼ਤਰ ਵਾਟਰ ਵਰਕਸ ਜਵਾਹਰਕੇ ਤੇ ਸਥਿੱਤ ਹੈ ਜਿਸ ਦੇ ਇੰਚਾਰਜ ਕਾਰਜਕਾਰੀ ਇੰਜਨੀਅਰ, ਵ/ਸ ਅਤੇ ਸੈਨੀਟੇਸ਼ਨ (ਪ.ਜ.ਸ.) ਮੰਡਲ ਮਾਨਸਾ ਹਨ। ਇਸ ਦਫ਼ਤਰ ਅਧੀਨ 5 ਉਪ ਮੰਡਲ ਹਨ, ਜਿਨ੍ਹਾ ਦਾ ਮੁਖੀ ਉਪ ਮੰਡਲ ਇੰਜਨੀਅਰ ਹੁੰਦਾ ਹੈ। ਇਹ ਹਨ :- 1, 2 ਮਾਨਸਾ/1, 2 ਬੁਢਲਾਡਾ/ਸਰਦੂਲਗੜ੍ਹ। ਹਰ ਇੱਕ ਉਪ ਮੰਡਲ ਇੰਜਨੀਅਰ ਅਧੀਨ 4 ਤੋਂ 5 ਜੂਨੀਅਰ ਇੰਜਨੀਅਰ ਕੰਮ ਕਰਦੇ ਹਨ। ਹਰ ਇੱਕ ਨਵੀਂ ਅਤੇ ਚਾਲੂ ਜਲ ਯੋਜਨਾ ਦਾ ਇੰਚਾਰਜ ਜੂਨੀਅਰ ਇੰਜਨੀਅਰ ਹੁੰਦਾ ਹੈ, ਜੋ ਕਿ ਆਪਣੇ ਉਪ ਮੰਡਲ ਇੰਜਨੀਅਰ ਅਤੇ ਕਾਰਜਕਾਰੀ ਇੰਜਨੀਅਰ ਦੀ ਦੇਖ ਰੇਖ ਵਿੱਚ ਕੰਮ ਕਰਦਾ ਹੈ।

***ਨਵੀਆਂ ਯੋਜਨਾਵਾਂ ਤਿਆਰ ਕਰਨ ਸਬੰਧੀ ਦਿਸ਼ਾ ਨਿਰਦੇਸ਼ ਅਤੇ ਨਾਰਮਜ :***

ਵ/ਸ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਰਾਜੀਵ ਗਾਂਧੀ ਨੈਸ਼ਨਲ ਡਰਿੰਕਿੰਗ ਵਾਟਰ ਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਕੰਮ ਕਰਦਾ ਹੈ। ਜਿਹੜੇ ਪਿੰਡਾਂ ਦੇ ਪਾਣੀ ਦੇ ਸੈਂਪਲ ਮਿਸ਼ਨ ਵੱਲੋਂ ਨਿਰਧਾਰਿਤ ਮਿਆਰ ਮੁਤਾਬਿਕ ਨਹੀਂ ਪਾਏ ਜਾਂਦੇ, ਉਨ੍ਹਾਂ ਪਿੰਡਾਂ ਦੇ ਨਾਂ ਭਾਰਤ ਸਰਕਾਰ ਨੂੰ ਪਾਣੀ ਦੀ ਘਾਟ ਵਾਲੇ ਪਿੰਡਾਂ ਦੀ ਸੂਚੀ ਵਿੱਚ ਸ਼ਾਮਿਲ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਭਾਰਤ ਸਰਕਾਰ ਵੱਲੋਂ ਨੋਟੀਫਿਕੇਸ਼ਨ ਹੋਣ ਉਪਰੰਤ ਇਨ੍ਹਾਂ ਪਿੰਡਾਂ ਦੇ ਲਈ ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਜਲ ਯੋਜਨਾਵਾਂ ਲਈ ਤਖਮੀਨੇ/ਪ੍ਰੋਜੈਕਟ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜੇ ਜਾਂਦੇ ਹਨ ਅਤੇ ਪ੍ਰਵਾਨਗੀ ਉਪਰੰਤ ਫੰਡਾਂ ਦੀ ਉਪਲਬਧਤਾ ਮੁਤਾਬਿਕ ਇਨ੍ਹਾਂ ਜਲ ਯੋਜਨਾਵਾਂ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ। ਨਵੀਂ ਜਲ ਯੋਜਨਾ ਦੀ ਉਸਾਰੀ ਸਮੇਂ ਸਭ ਤੋਂ ਪਹਿਲਾਂ ਹੈਡ ਵਰਕਸ ਦਾ ਕੰਮ ਕੀਤਾ ਜਾਂਦਾ ਹੈ ਅਤੇ ਨਹਿਰੀ ਪਾਣੀ ਦੇ ਮੋਘੇ ਦੀ ਮੰਜ਼ੂਰੀ ਅਤੇ ਬਿਜਲੀ ਦਾ ਕੁਨੈਕਸ਼ਨ ਪ੍ਰਾਪਤ ਹੋਣ ਤੋਂ ਬਾਅਦ ਜਲ ਯੋਜਨਾ ਨੂੰ ਚਾਲੂ ਕਰ ਦਿੱਤਾ ਜਾਂਦਾ ਹੈ। ਚਾਲੂ ਜਲ ਯੋਜਨਾਵਾ ਤੋਂ ਵੀ ਪਾਣੀ ਦੇ ਸੈਂਪਲ ਸਮੇਂ-ਸਮੇਂ ਤੇ ਭਰੇ ਜਾਂਦੇ ਹਨ ਤਾਂ ਕਿ ਲੋਕਾਂ ਨੂੰ ਸਾਫ ਸੁਥਰਾ ਪਾਣੀ ਦਿੱਤਾ ਜਾ ਸਕੇ। ਸਕੀਮ ਦੇ ਚਾਲੂ ਹੋਣ ਉਪਰੰਤ ਲੋਕਾਂ ਨੂੰ ਪ੍ਰਾਈਵੇਟ ਕੁਨੈਕਸ਼ਨ ਜਾਰੀ ਕੀਤੇ ਜਾਂਦੇ ਹਨ। ਕੁਨੈਕਸ਼ਨ ਪ੍ਰਾਪਤ ਕਰਨ ਲਈ ਫਾਰਮ ਬਾਜ਼ਾਰ ਵਿੱਚ ਉਪਲਬਧ ਹਨ। ਫਾਰਮ ਭਰਨ ਤੋਂ ਬਾਅਦ ਕੁਨੈਕਸ਼ਨ ਲਈ ਬਿਨੈ-ਪੱਤਰ ਸਬੰਧਤ ਉਪ ਮੰਡਲ ਇੰਜੀਨੀਅਰ ਨੂੰ ਦਿੱਤਾ ਜਾਂਦਾ ਹੈ। ਕੁਨੈਕਸ਼ਨ ਮਨਜੂਰ ਹੋਣ ਤੋਂ ਬਾਅਦ ਕੁਨੈਕਸ਼ਨ ਫੀਸ ਅਤੇ ਸਕਿਉਰਿਟੀ ਉਪ ਮੰਡਲ ਦਫ਼ਤਰ ਵਿਖੇ ਖਪਤਕਾਰ ਵੱਲੋਂ ਜਮ੍ਹਾਂ ਕਰਵਾਈ ਜਾਂਦੀ ਹੈ। ਇਸ ਤੋਂ ਬਾਅਦ ਖਪਤਕਾਰ ਪਾਣੀ ਦਾ ਕੁਨੈਕਸ਼ਨ ਆਪਣੇ ਖਰਚੇ ਉੱਪਰ ਲਗਵਾ ਸਕਦਾ ਹੈ। ਪਾਣੀ ਦੇ ਕੁਨੈਕਸ਼ਨ ਲਈ ਕੁਨੈਕਸ਼ਨ ਫੀਸ 1000/- ਰੁਪਏ (ਪੀਲੇ ਕਾਰਡ ਵਾਲੇ ਲਈ 500/- ਰੁਪਏ) ਅਤੇ ਸਕਿਉਰਿਟੀ 140/- ਰੁਪਏ ਲਈ ਜਾਂਦੀ ਹੈ। ਪ੍ਰਾਈਵੇਟ ਕੁਨੈਕਸ਼ਨ ਦਾ ਪ੍ਰਤੀ ਮਹੀਨਾ ਬਿੱਲ 50/- ਰੁਪਏ (40 ਐਲ.ਪੀ.ਸੀ.ਡੀ.ਸਕੀਮ ਅਧੀਨ) ਅਤੇ 60/- ਰੁਪਏ (70 ਐਲ.ਪੀ.ਸੀ.ਡੀ.ਸਕੀਮ ਅਧੀਨ) ਲਿਆ ਜਾਂਦਾ ਹੈ।

ਇਸ ਤੋਂ ਇਲਾਵਾ ਵਿਭਾਗ ਵੱਲੋਂ ਪਬਲਿਕ ਸਟੈਂਡ ਪੋਸਟ ਵੀ ਲਗਾਏ ਜਾਂਦੇ ਹਨ ਅਤੇ ਸਟੈਂਡ ਪੋਸਟ ਤੋਂ ਪਾਣੀ ਪ੍ਰਾਪਤ ਕਰਨ ਵਾਲਿਆਂ ਪਾਸੋਂ 10/- ਰੁਪਏ ਪ੍ਰਤੀ ਮਹੀਨਾ ਪ੍ਰਤੀ ਘਰ ਬਿੱਲ ਲਿਆ ਜਾਂਦਾ ਹੈ। ਜਲ ਯੋਜਨਾ ਨਾਲ ਸਬੰਧਿਤ ਸ਼ਿਕਾਇਤਾਂ ਜਿਵੇਂ ਪਾਣੀ ਦੀ ਲੀਕੇਜ, ਰਿਪੇਅਰ ਜਾਂ ਪਾਣੀ ਦੇ ਬਿੱਲਾਂ ਸਬੰਧੀ ਨਿਪਟਾਰਾ ਵੀ ਵਿਭਾਗ ਵੱਲੋਂ ਕੀਤਾ ਜਾਂਦਾ ਹੈ। ਜ਼ਿਲ੍ਹਾ ਹੈਡ ਕੁਆਰਟਰ ਤੇ ਮੰਡਲ ਦਫਤਰ ਦਾ ਫੋਨ ਨੰ: 222239 ਹੈ। ਜਿੱਥੋਂ ਕਿਸੇ ਪ੍ਰਕਾਰ ਦੀ ਹੋਰ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਵਿਭਾਗ ਵੱਲੋਂ ਲੋਕਾਂ ਨੂੰ ਸਾਫ ਸੁਥਰੇ ਪਾਣੀ ਦੀ ਮਹੱਤਤਾ ਪ੍ਰਤੀ ਜਾਗਰਿਤ ਕੀਤਾ ਜਾਂਦਾ ਹੈ, ਜਿਸ ਬਾਰੇ ਸਮੇਂ-ਸਮੇਂ ਸਿਰ ਸੈਮੀਨਾਰ ਵੀ ਲਗਾਏ ਜਾਂਦੇ ਹਨ। ਫੀਲਡ ਸਟਾਫ ਵੱਲੋਂ ਵੀ ਸਬੰਧਤ ਸਕੀਮਾਂ ਤੇ ਲੋਕਾਂ ਨੂੰ ਸਾਫ ਪਾਣੀ ਦੀ ਮਹੱਤਤਾ ਬਾਰੇ ਪ੍ਰੇਰਨਾ ਦਿੱਤੀ ਜਾਂਦੀ ਹੈ।

**ਮਾਨਸਾ ਜ਼ਿਲ੍ਹੇ ਵਿੱਚ ਵ/ਸ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ :**

ਮਾਨਸਾ ਜ਼ਿਲ੍ਹੇ ਵਿੱਚ 237 ਪਿੰਡ ਹਨ ਜਿਹੜੇ ਕਿ 76 ਨੰ: ਵਾਟਰ ਵਰਕਸਾਂ ਰਾਹੀਂ ਨਹਿਰੀ ਪਾਣੀ ਦੇ ਆਧਾਰਤ ਕਵਰ ਹਨ। ਇਨ੍ਹਾਂ ਵਿੱਚੋਂ ਇੱਕ ਵਾਟਰ ਵਰਕਸ ਟਿਊਬਵੈਲ ਤੇ ਆਧਾਰਤ ਸੀ। ਇਹ ਵਾਟਰ ਵਰਕਸ 20-25 ਸਾਲ ਪੁਰਾਣੇ ਸਨ ਜਿਸ ਕਰਕੇ ਆਬਾਦੀ ਵਧਣ, ਸਮੇਂ ਦੇ ਬਦਲਣ ਨਾਲ ਪਿੰਡ ਵਾਸੀਆਂ ਦੀ ਪੀਣ ਵਾਲੇ ਪਾਣੀ ਦੀ ਮੰਗ ਨੂੰ ਪੂਰਾ ਨਹੀਂ ਸੀ ਕਰ ਰਹੀਆਂ।

ਸਰਕਾਰ ਵੱਲੋਂ ਮਹੀਨਾ 8/2000 ਵਿੱਚ ਇੱਕ ਸਬਮਿਸ਼ਨ ਪ੍ਰੋਜੈਕਟ ਜ਼ਿਲ੍ਹਾ ਮਾਨਸਾ ਦੀਆਂ 43 ਨੰ: ਸਕੀਮਾਂ (170 ਪਿੰਡ) ਦੀ ਵਾਟਰ ਸਪਲਾਈ ਵਿੱਚ ਸੁਧਾਰ ਲਿਆਉਣ, ਵੱਖਰੇ ਵਾਟਰ ਵਰਕਸ ਬਨਾਉਣ ਲਈ ਲਾਗਤ 2705.00 ਲੱਖ ਦਾ ਮੰਨਜੂਰ ਕੀਤਾ ਸੀ ਪਰੰਤੂ ਇਸ ਪ੍ਰੋਜੈਕਟ ਅਧੀਨ ਫੰਡਾਂ ਦੀ ਘਾਟ ਰਹਿਣ ਕਰਕੇ 15 ਨੰ: ਸਕੀਮਾਂ ਨਾਬਾਰਡ ਪ੍ਰੋਜੈਕਟ ਨੂੰ ਤਬਦੀਲ ਕਰ ਦਿੱਤੀਆਂ ਗਈਆਂ। ਇਸ ਤਰ੍ਹਾਂ ਇਸ ਪ੍ਰੋਜੈਕਟ ਅਧੀਨ 28 ਨੰ: ਸਕੀਮ ਲਾਗਤ 1733.04 ਲੱਖ ਰੁਪਏ ਰਹਿ ਗਈ। ਇਹਨਾਂ 28 ਨੰ: ਸਕੀਮਾਂ ਵਿੱਚੋਂ ਵੱਖਰੇ ਵਾਟਰ ਵਰਕਸ ਬਨਣ ਨਾਲ ਸਕੀਮਾਂ ਦੀ ਕੁੱਲ ਗਿਣਤੀ 38 (80 ਪਿੰਡ) ਲਾਗਤ 1733.04 ਲੱਖ ਰੁਪਏ ਹੈ। ਇਨ੍ਹਾਂ 38 ਸਕੀਮਾਂ ਵਿੱਚੋਂ 22 ਨੰ: ਸਕੀਮਾਂ (40 ਪਿੰਡ) ਕਮਿਸ਼ਨ ਕਰ ਦਿੱਤੇ ਹਨ। 4 ਨੰ: ਸਕੀਮਾਂ ਦਾ ਕੰਮ ਪ੍ਰਗਤੀ ਅਧੀਨ ਹੈ। 12 ਨੰ: ਸਕੀਮਾਂ ਦਾ ਕੰਮ ਫੰਡਾਂ ਦੀ ਘਾਟ ਕਾਰਨ ਹੱਥ ਵਿੱਚ ਨਹੀਂ ਲਿਆ ਜਾ ਸਕਿਆ। ਇੱਕ ਹੋਰ ਪ੍ਰੋਜੈਕਟ ਨਾਬਾਰਡ-VIII ਮਾਨਸਾ ਜ਼ਿਲ੍ਹੇ ਲਈ ਸਰਕਾਰ ਵੱਲੋਂ 4/2004 ਵਿੱਚ ਲਾਗਤ 1585.19 ਲੱਖ ਰੁਪਏ ਦਾ ਮੰਨਜ਼ੂਰ ਕੀਤਾ ਗਿਆ ਹੈ ਜਿਸ ਅਧੀਨ 37 ਨੰ: ਸਕੀਮਾਂ 91 ਪਿੰਡਾਂ ਨੂੰ 70 ਐਲ.ਪੀ.ਸੀ.ਡੀ. ਦੇ ਆਧਾਰ ਤੇ ਪਾਣੀ ਦੀ ਸਪਲਾਈ ਦਿੱਤੀ ਜਾਣੀ ਹੈ। ਇਸ ਤੇ ਕਾਰਵਾਈ ਚੱਲ ਰਹੀ ਹੈ। ਇਸ ਤੋਂ ਇਲਾਵਾ ਨਾਬਾਰਡ-10 ਪ੍ਰੋਜੈਕਟ ਵੀ ਤਿਆਰੀ ਅਧੀਨ ਹੈ।